This question paper contains 3 printed pages]

*Your Roll No*...........................

**792**

**B.A. (PROGRAMME)/I D**

PUNJABI LANGUAGE (A)—Paper I

(Advanced Punjabi)

(Admissions of 2004/2006 and onwards in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ 500 ਸ਼ਬਦਾਂ ਦਾ ਪ੍ਰਸਤਾਵ ਲਿਖੋ : 15

   ੳ) ਸਾਡੀ ਵਿਦਿਆ ਪ੍ਰਣਾਲੀ

   ਅ) ਮਹਿੰਗਾਈ ਦੀ ਸਮੱਸਿਆ

   ੲ) ਸ਼ਹੀਦ ਭਗਤ ਸਿੰਘ

   ਸ) ਵਿਗਿਆਨ ਦੇ ਚਮਤਕਾਰ

P.T.O.

2. ਆਪਣੀ ਕਿਸੇ ਮਨਭਾਉਂਦੀ ਸਾਹਿਤਕ ਰਚਨਾ (ਨਾਵਲ, ਨਾਟਕ ਜਾਂ ਕਹਾਣੀ) ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

3. 'ਭ੍ਰਿਸ਼ਟਾਚਾਰ' ਜਾਂ 'ਮਾਂ' ਉਪਰ ਕਵਿਤਾ ਲਿਖੋ : 10

**ਜਾਂ**

ਲਗਾਂ-ਮਾਤਰਾਂ ਤੋਂ ਕੀ ਭਾਵ ਹੈ? ਉਦਾਰਨਾਂ ਦੇ ਕੇ ਪੰਜਾਬੀ ਦੀਆਂ ਲਗਾਂ-ਮਾਤਰਾਂ ਦੀ ਵਰਤੋਂ ਦਾ ਵਰਣਨ ਕਰੋ।

4. ੳ) ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ ਅਤੇ ਉਦਾਹਰਣਾਂ ਵੀ ਦਿਓ। 10

**ਜਾਂ**

ਹੇਠ ਦਿੱਤੇ ਗਏ ਨਾਂਵ-ਸ਼ਬਦਾਂ ਦੇ ਵਿਸ਼ੇਸ਼ਣ ਬਣਾਓ :

ਰੱਖ, ਵਲ, ਲਹਿਰ, ਬਦਲ, ਰੇਸ਼ਮ, ਭਰਮ, ਪੜ੍ਹਾਈ, ਬਿਮਾਰੀ, ਮਿਹਨਤ, ਅਮੀਰੀ

ਅ) ਹੇਠ ਲਿਖੇ ਪੈਰ੍ਹੇ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 5

ਜਦੋਂ ਰਾਤ ਪੈਂਦੀ ਹੈ ਸਾਥੀ ਸੌਂ ਜਾਂਦੇ ਹਨ ਤਾਰਿਆਂ ਨੂੰ ਤੱਕਦਾ ਤੱਕਦਾ ਬੇਹੋਸ਼ ਹੋ ਜਾਂਦਾ ਹਾਂ ਸ਼ਹਿਰ ਤੋਂ ਦੋ ਕਿਲੋਮੀਟਰ ਦੂਰ ਨਿਕਲ ਜਾਂਦਾ ਹਾਂ ਮਤਲਬ ਦੀਆਂ ਥਾਵਾਂ ਉਪਰ ਖੜੇ ਖੜੇ ਸੋਚਦਾ ਰਹਿੰਦਾ ਹਾਂ ਆਪਣੇ ਹੀ ਖਿਆਲਾਂ ਵਿਚ ਗੁਆਚ ਜਾਂਦਾ ਹਾਂ।

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਇਸ ਦਾ ਸਾਰੰਸ਼ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ। 10

ਵਿਹਲੀਆਂ ਗੱਲਾਂ ਕਰਨ ਦਾ ਵੀ ਇਕ ਹੁਨਰ ਹੈ ਜੋ ਹਰ ਕਿਸੇ ਨੂੰ ਨਹੀਂ ਆਉਂਦਾ। ਇਸ ਨੂੰ ਕਾਮਯਾਬੀ ਨਾਲ ਨਿਭਾਉਣ ਲਈ ਕਈ ਗੁਣਾਂ ਦੀ ਲੋੜ ਹੈ। ਸਭ ਤੋਂ ਪਹਿਲੀ ਲੋੜ ਇਸ ਗੱਲ ਦੀ ਹੈ ਕਿ ਗੱਲ ਕਰਨ ਵਾਲਾ ਹਸਮੁਖ ਹੋਵੇ। ਉਸ ਦੇ ਦਿਲ ਵਿਚ ਲੰਮੇ ਵੈਰ ਨਾ ਹੋਣ। ਉਸ ਦੀ ਆਮ ਵਾਕਫ਼ੀ ਤੇ ਤਜ਼ਰਬਾ ਬਹੁਤ ਹੋਵੇ। ਇਹ ਸਭ ਸੈਰ ਕਰਨ ਨਾਲ ਹੀ ਸੰਭਵ ਹੁੰਦਾ ਹੈ। ਘੁੰਮਣ-ਫਿਰਨ ਨਾਲ ਸਮਾਜ ਦੀ ਵਰਤੋਂ ਵਿਹਾਰ ਦਾ ਪਤਾ ਲਗਦਾ ਹੈ। ਲੋਕਾਂ ਦੇ ਸੁਭਾਅ ਨੂੰ ਜਾਣਨ ਦੀ ਜਾਂਚ ਆਉਂਦੀ ਹੈ। ਲੋਕਾਂ ਦੀਆਂ ਆਮ ਰੁੱਚੀਆਂ ਨਾਲ ਹਮਦਰਦੀ ਹੁੰਦੀ ਹੈ। ਉਸ ਦੀ ਗੱਲ ਵਿਚ ਦਲੀਲ ਆ ਜਾਂਦੀ ਹੈ। ਉਸ ਦਾ ਆਪਣੀ ਬੋਲੀ ਉਪਰ ਚੰਗਾ ਕਾਬੂ ਹੋ ਜਾਂਦਾ ਹੈ। ਇਨ੍ਹਾਂ ਯੋਗਤਾਵਾਂ ਵਾਲਾ ਵਿਅਕਤੀ ਵਿਹਲੀਆਂ ਗੱਲਾਂ ਕਰਨ ਦੇ ਲਾਇਕ ਬਣ ਸਕਦਾ ਹੈ।

6. ਹੇਠ ਲਿਖੇ ਅਗੇਤਰਾਂ ਪਿਛੇਤਰਾਂ ਨੂੰ ਵਰਤ ਕੇ ਸ਼ਬਦ ਬਣਾਉ: 10

ਉਨ, ਅੱਧ, ਦੁਰ, ਆਨੀ, ਈਨ, ਆਰ, ਇਕ, ਵਾਨ, ਨਿਰ, ਪਰ